SEVEN OAKS
SCHOOL DIVISION
community begins here

Board Office
830 Powers Street
Winnipeg, MB. R2V 4E7

Telephone: **204.586.8061**
Fax: **204.589.2504**

6 ਜਨਵਰੀ 2022

ਪਿਆਰੇ ਮਾਪੇ / ਸਰਪ੍ਰਸਤ:

4 ਜਨਵਰੀ ਨੂੰ ਮੈਨੀਟੋਬਾ ਸੂਬੇ ਨੇ 10 ਜਨਵਰੀ ਤੋਂ ਸਕੂਲਾਂ ਨੂੰ  ਮੁੜ ਖੋਲ੍ਹਣ ਦਾ ਐਲਾਨ ਕੀਤਾ।

10 ਤੋਂ 14 ਜਨਵਰੀ ਦਾ ਹਫ਼ਤਾ ਜ਼ਿਆਦਾਤਰ ਵਿਦਿਆਰਥੀ ਘਰੋਂ ਹੀ ਸਿੱਖਿਆ ਪ੍ਰਾਪਤ ਕਰਨਗੇ।

ਕਿੰਡਰਗਾਰਟਨ ਤੋਂ ਛੇਵੀਂ ਜਮਾਤ ਦੇ ਵਿਦਿਆਰਥੀਆਂ ਦੇ ਮਾਤਾ-ਪਿਤਾ/ਸਰਪ੍ਰਸਤ ਜੋ ਸੂਬੇ ਦੁਆਰਾ ਨਿਰਧਾਰਿਤ ਨਾਜ਼ੁਕ ਸੇਵਾਵਾਂ ਵਿੱਚ ਕੰਮ ਕਰਦੇ ਹਨ ਅਤੇ ਕੋਈ ਵੱਖਰੇ ਪ੍ਰਬੰਧ ਕਰਨ ਤੋਂ ਅਸਮਰੱਥ ਹਨ, ਅਤੇ ਨਾਲ ਹੀ ਖ਼ਾਸ ਲੋੜਾਂ ਵਾਲੇ ਬੱਚਿਆਂ ਦੇ ਮਾਪਿਆਂ/ਸਰਪ੍ਰਸਤਾਂ ਨੂੰ ਆਪਣੇ ਬੱਚਿਆਂ ਨੂੰ ਸਿੱਖਿਆ ਲਈ ਸਕੂਲ ਵਿੱਚ ਲਿਆਉਣ ਲਈ ਸੱਦਾ ਦਿੱਤਾ ਜਾਵੇਗਾ।

ਸਾਰੇ ਵਿਦਿਆਰਥੀਆਂ ਲਈ ਕਲਾਸ ਵਿੱਚ ਸਿਖਲਾਈ 17 ਜਨਵਰੀ ਨੂੰ ਮੁੜ ਸ਼ੁਰੂ ਹੋਵੇਗੀ।

ਅਸੀਂ ਆਪਣੇ ਸਕੂਲਾਂ ਨੂੰ ਸੁਰੱਖਿਅਤ ਰੱਖਣ ਲਈ ਸਾਰੇ ਲੋੜੀਂਦੇ ਕਦਮ ਚੁੱਕਦੇ ਰਹਾਂਗੇ।

**ਮੈਡੀਕਲ ਮਾਸਕ ਲਾਜ਼ਮੀ:**
ਸਾਰੇ ਸਟਾਫ਼ ਅਤੇ ਵਿਦਿਆਰਥੀਆਂ ਨੂੰ ਮੈਡੀਕਲ-ਗਰੇਡ ਮਾਸਕ ਪਾਉਣ ਦੀ ਲੋੜ ਹੋਵੇਗੀ (ਸਕੂਲਾਂ ਵਿੱਚ ਇਹ ਮੌਜੂਦ ਹੋਣਗੇ)।

**ਬਿਮਾਰ ਹੋਣ 'ਤੇ ਘਰ ਰਹੋ:**
ਇਹ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਮਹੱਤਵਪੂਰਨ ਹੈ ਕਿ ਜਦੋਂ ਵਿਦਿਆਰਥੀ ਅਤੇ ਸਟਾਫ਼ ਨੂੰ ਜ਼ੁਕਾਮ ਅਤੇ ਫਲੂ ਦੇ ਲੱਛਣ ਹੋਣ ਤਾਂ ਉਹ ਘਰ ਰਹਿਣ।

**ਵੈਕਸੀਨ ਸਾਡੀ ਸਰਵੋਤਮ ਸੁਰੱਖਿਆ ਹੈ:**
ਪਰਿਵਾਰਾਂ ਨੂੰ ਜਲਦੀ ਤੋਂ ਜਲਦੀ ਆਪਣੇ ਅਤੇ ਆਪਣੇ ਬੱਚਿਆਂ ਦਾ ਟੀਕਾਕਰਨ ਕਰਵਾਉਣ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ। ਟੀਕਾਕਰਣ ਗੰਭੀਰ ਬਿਮਾਰੀ, ਹਸਪਤਾਲ ਵਿੱਚ ਭਰਤੀ, ਅਤੇ ਮੌਤ ਨੂੰ ਰੋਕਣ ਲਈ ਪ੍ਰਭਾਵਸ਼ਾਲੀ ਹੈ।

**ਰੈਪਿਡ ਐਂਟੀਜੇਨ ਟੈਸਟ:**

ਸਾਡੇ ਕੋਲ ਛੇਵੀਂ ਕਲਾਸ ਤੋ ਕਿੰਡਰਗਾਰਟਨ ਦੇ ਵਿਦਿਆਰਥੀਆਂ  ਦੀ ਵਰਤੋਂ ਲਈ ਰੈਪਿਡ ਐਂਟੀਜੇਨ ਟੈਸਟਾਂ ਦੀ ਮੌਜੂਦਗੀ ਹੈ। ਜੋ ਕਿ ਸਕੂਲ ਅਗਲੇ ਹਫ਼ਤੇ ਦੇ ਅਖੀਰ ਵਿੱਚ ਪਰਵਿਾਰਾਂ ਨੂੰ ਵੰਡਣਗੇ। ਟੈਸਟ ਵਰਤਣ ਵਿੱਚ ਆਸਾਨ ਹਨ ਅਤੇ ਸੁਰੱਖਿਆ ਵਿੱਚ ਵਾਧਾ ਪ੍ਰਦਾਨ ਕਰਨਗੇ।

**ਹਵਾਦਾਰੀ**:

ਸਾਡੇ ਸਾਰੇ ਸਕੂਲ ਮੈਨੀਟੋਬਾ ਸੂਬੇ ਦੇ ਦਿਸ਼ਾ-ਨਿਰਦੇਸ਼ਾਂ ਦੀ ਪੂਰੀ ਤਰ੍ਹਾਂ ਪਾਲਣਾ ਕਰਦੇ ਹਨ।

ਇਹ ਸਾਡੇ ਸਾਰਿਆਂ ਲਈ ਚੁਣੌਤੀਪੂਰਨ ਸਮਾਂ ਹੈ। ਸਾਡੇ ਸਟਾਫ਼ ਦਾ ਉਹਨਾਂ ਦੀ ਲਗਨ ਅਤੇ ਸਮਰਪਣ ਲਈ ਧੰਨਵਾਦ। ਤੁਹਾਡੇ ਸਹਿਯੋਗ ਅਤੇ ਸਮਰਥਨ ਲਈ ਤੁਹਾਡਾ ਧੰਨਵਾਦ। ਇਹ ਬਿਹਤਰ ਹੋ ਜਾਵੇਗਾ।

ਆਪ ਜੀ ਦਾ ਵਿਸ਼ਵਾਸ ਪਾਤਰ,



ਬ੍ਰਾਇਨ ਪੀ. ਓਲੀਅਰੀ
ਨਿਗਰਾਨ